Australian Government

Department of Health, Disability and Ageing

medicare

Urgent Care Clinic

# ਮੈਡੀਕੇਅਰ ਅਰਜੈਂਟ ਕੇਅਰ (ਬਹੁਤ ਜਰੂਰੀ ਦੇਖਭਾਲ) ਕਲੀਨਿਕ ਵਿੱਚ ਕਦੋਂ ਜਾਣਾ ਹੈ

ਮੈਡੀਕੇਅਰ ਅਰਜੈਂਟ ਕੇਅਰ ਕਲੀਨਿਕ ਤੁਹਾਨੂੰ ਡਾਕਟਰ ਜਾਂ ਨਰਸ ਨੂੰ ਮਿਲਣ ਲਈ ਹੋਰ ਵਧੇਰੇ ਵਿਕਲਪ ਦਿੰਦੇ ਹਨ ਜਦੋਂ ਤੁਹਾਨੂੰ **ਸੱਟਾਂ ਅਤੇ ਬੀਮਾਰੀਆਂ ਲਈ ਜ਼ਰੂਰੀ ਇਲਾਜ ਦੀ ਲੋੜ ਹੈ ਪਰ ਜਾਨਲੇਵਾ ਵਾਲੀ ਕੋਈ ਗੱਲ ਨਹੀਂ ਹੁੰਦੀ ਹੈ।**

## ਆਮ ਦੇਖਭਾਲ

**ਜਦੋਂ ਤੁਹਾਨੂੰ ਕੋਈ ਅਜਿਹੀ ਸੱਟ ਲੱਗਦੀ ਜਾਂ ਬਿਮਾਰੀ ਹੁੰਦੀ ਹੈ ਜਿਸ ਲਈ ਤੁਹਾਡੇ ਸਥਾਨਕ ਜੀ ਪੀ ਨਾਲ ਮੁਲਾਕਾਤ ਦੀ ਉਡੀਕ ਕੀਤੀ ਜਾ ਸਕਦੀ ਹੈ।**

- ਕਈ ਤਰ੍ਹਾਂ ਦੀਆਂ ਤਕਲੀਫ਼ਾਂ ਅਤੇ ਬਿਮਾਰੀਆਂ ਦਾ ਪਤਾ ਲਗਾਉਣਾ ਅਤੇ ਇਲਾਜ ਕਰਨਾ
- ਆਮ ਮੁਆਇਨਾ ਅਤੇ ਸਿਹਤ ਜਾਂਚ
- ਟੀਕੇ ਅਤੇ ਦਵਾਈਆਂ
- ਮਾਨਸਿਕ ਸਿਹਤ ਸਲਾਹ
- ਪਰਿਵਾਰ ਨਿਯੋਜਨ ਸਲਾਹ
- ਟੈਸਟ, ਸਕੈਨ ਜਾਂ ਮਾਹਰ ਦੇਖਭਾਲ ਲਈ ਰੈਫਰਲ
- ਚੱਲ ਰਹੀ ਪੁਰਾਣੀ ਬਿਮਾਰੀ ਦੀ ਦੇਖਭਾਲ ਅਤੇ ਸਿਹਤ ਮੁਲਾਂਕਣ

## ਬਹੁਤ ਜਰੂਰੀ ਦੇਖਭਾਲ

**ਜਦੋਂ ਤੁਹਾਨੂੰ ਕੋਈ ਅਜਿਹੀ ਸੱਟ ਲੱਗਦੀ ਜਾਂ ਬਿਮਾਰੀ ਹੁੰਦੀ ਹੈ ਜਿਸ ਲਈ ਨਿਯਮਤ ਜੀ ਪੀ ਨਾਲ ਮੁਲਾਕਾਤ ਦੀ ਉਡੀਕ ਨਹੀਂ ਕੀਤੀ ਜਾ ਸਕਦੀ ਪਰ ਇਹ ਜਾਨਲੇਵਾ ਨਹੀਂ ਹੈ।.**

- ਮਾਮੂਲੀ ਲਾਗਾਂ
- ਹੱਡੀਆਂ ਦੀ ਮਾਮੂਲੀ ਟੁੱਟ ਭੱਜ, ਮੋਚ, ਖੇਡਾਂ ਦੀਆਂ ਸੱਟਾਂ ਅਤੇ ਗਰਦਨ ਅਤੇ ਪਿੱਠ ਵਿੱਚ ਦਰਦ
- ਪਿਸ਼ਾਬ ਨਾਲੀ ਦੀਆਂ ਲਾਗਾਂ (ਯੂ ਟੀ ਆਈ)
- ਸੰਭੋਗ ਨਾਲ ਹੋਣ ਵਾਲੀਆਂ ਲਾਗਾਂ (ਐਸ ਟੀ ਆਈ )
- ਮਾਮੂਲੀ ਚੀਰ
- ਮੱਛਰਾਂ/ਕੀੜਿਆਂ ਦਾ ਲੜਨਾ ਅਤੇ ਧੱਫੜ
- ਅੱਖ ਅਤੇ ਕੰਨ ਦੀ ਮਾਮੂਲੀ ਲਾਗ
- ਸਾਹ ਦੀ ਬਿਮਾਰੀ
- ਦਸਤ ਤੇ ਉਲਟੀਆਂ (ਗੈਸਟਰੋਐਂਟਰਾਇਟਿਸ)
- ਮਾਮੂਲੀ ਸਾੜ



## ਐਮਰਜੈਂਸੀ ਦੇਖਭਾਲ

**ਜਦੋਂ ਤੁਹਾਨੂੰ ਕੋਈ ਸੱਟ ਲੱਗਦੀ ਜਾਂ ਬਿਮਾਰੀ ਹੁੰਦੀ ਹੈ ਜੋ ਜਾਨਲੇਵਾ ਹੈ: ਟ੍ਰਿਪਲ ਜ਼ੀਰੋ (000) ਨੂੰ ਕਾਲ ਕਰੋ ਜਾਂ ਆਪਣੇ ਨਜ਼ਦੀਕੀ ਐਮਰਜੈਂਸੀ ਵਿਭਾਗ ਵਿੱਚ ਜਾਓ।.**

- ਛਾਤੀ ਵਿੱਚ ਦਰਦ ਜਾਂ ਜਕੜਨ
- ਸਾਹ ਲੈਣ ਵਿੱਚ ਮੁਸ਼ਕਿਲ
- ਖੂਨ ਵਹਿਣਾ ਨਾ ਰੁਕਣਾ
- ਗੰਭੀਰ ਰੂਪ ਵਿੱਚ ਜਲਣ ‘ਤੇ
- ਜ਼ਹਿਰ
- ਸੁੰਨ ਹੋਣਾ ਜਾਂ ਅਧਰੰਗ
- ਬੇਹੋਸ਼
- ਕੋਈ ਜਵਾਬ/ਹਿਲ -ਜੁਲ ਨਾ ਹੋਣਾ ਜਾਂ ਦੌਰੇ ਪੈਣੇ
- ਛੋਟੇ ਬੱਚਿਆਂ ਵਿੱਚ ਲਗਾਤਾਰ ਬੁਖਾਰ



**ਜਲਦੀ ਖੁੱਲਦਾ ਹੈ ਅਤੇ ਦੇਰ ਤੱਕ ਖੁੱਲਾ ਰਹਿੰਦਾ ਹੈ**




**ਬਲਕ ਬਿਲ ਹੁੰਦਾ ਹੈ**



**ਵਾਕ-ਇਨ (ਤੁਸੀਂ ਕਦੇ ਵੀ ਜਾ ਸੱਕਦੇ ਹੋ)**

**ਆਪਣੇ ਨਜ਼ਦੀਕੀ ਮੈਡੀਕੇਅਰ ਅਰਜੈਂਟ ਕੇਅਰ ਕਲੀਨਿਕ ਨੂੰ ਲੱਭਣ ਲਈ,**

**health.gov.au/MedicareUCC** ‘ਤੇ ਜਾਓ

**ਹੋਰ ਜਾਣਕਾਰੀ ਲਈ ਸਕੈਨ ਕਰੋ**